# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,(ਮਾਈਕਰੋਸਾਫਟ ਬਿਲਡਿੰਗ),ਫੇਜ਼-3ਬੀ1, ਐਸ.ਏ.ਐਸ ਨਗਰ

(ਵੈਬਸਾਈਟ www.educationrecruitmentboard.com)

## ਪਬਲਿਕ ਨੋਟਿਸ

ਨੰਬਰ 5/2-2019 ਭਡ(8) ਮਿਤੀ: 11.10.2019

ਸਿੱਖਿਆ ਵਿਭਾਗ, ਪੰਜਾਬ ਵੱਲੋ ਹੈਡ ਟੀਚਰ 1558 ਅਸਾਮੀਆਂ ਦਾ ਮਿਤੀ 8.3.2019 ਨੂੰ ਵਿਗਿਆਪਨ ਦਿੱਤਾ ਸੀ। ਵਿਗਿਆਪਨ ਦੀ ਸਰਤਾ ਅਨੁਸਾਰ ਇਨ੍ਹਾਂ ਅਸਾਮੀਆ ਦਾ ਮਿਤੀ 21.7.2019 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸਿਤ ਕਰ ਦਿੱਤਾ ਗਿਆ ਹੈ। ਇਸ ਉਪਰੰਤ ਇਸ ਦਫਤਰ ਵੱਲੋਂ ਮਿਤੀ 8.8.2019 ਨੂੰ ਦਿੱਤੇ ਪਬਲਿਕ ਨੋਟਿਸ ਦੁਆਰਾ ਮਿਤੀ 13.8.2019 ਤੋਂ 23.8.2019 ਅਤੇ ਮਿਤੀ 18.9.2019 ਨੂੰ ਦਿੱਤੇ ਪਬਲਿਕ ਨੋਟਿਸ ਦੁਆਰਾ 19.9.2019 ਤੋਂ 20.09.2019 ਤੱਕ ਉਮੀਦਵਾਰਾ ਦੀ ਸਕਰੂਟਨੀ ਉਨ੍ਹਾਂ ਨੂੰ ਬੁਲਾਇਆ ਗਿਆ ਸੀ। ਇਨ੍ਹਾ ਪਬਲਿਕ ਨੋਟਿਸ ਦੀ ਲਗਾਤਾਰਾ ਵਿਚ ਐਸ.ਸੀ.(ਆਰ ਐਂਡ ਓ) ਅਤੇ (ਐਮ ਐਂਡ ਬੀ) ਨਾਲ ਸਬੰਧਤ ਉਮੀਦਵਾਰਾਂ ਨੂੰ ਹਾਲ ਦੀ ਘੜੀ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ) ਫੇਸ 3ਬੀ1, ਐਸ.ਏ.ਐਸ. ਨਗਰ ਵਿਖੇ ਮਿਤੀ 11.10.2019 ਨੂੰ ਸਵੇਰੇ 10.00 ਵਜੇ ਤੋਂ 3.00 ਵਜੇ ਤੱਕ ਸੱਦਾ ਦਿੱਤਾ ਗਿਆ ਸੀ। ਉਕਤ ਮਿਤੀ ਨੂੰ ਜਿਹੜੇ ਉਮੀਦਵਾਰ ਗੈਰ ਹਾਜਰ ਸਨ, ਉਨ੍ਹਾਂ ਨੂੰ ਮਿਤੀ 14.10.2019 ਨੂੰ ਸਵੇਰੇ 10.00 ਵਜੇ ਤੋਂ 3.00 ਵਜੇ ਤੱਕ ਆਪਣੇ ਦਸਤਾਵੇਜਾ ਦੀ ਸਕਰੂਟਨੀ ਕਰਵਾਉਣ ਦਾ ਇਕ ਹੋਰ ਮੌਕਾ ਦਿੱਤਾ ਜਾਂਦਾ ਹੈ। ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਦੀ ਸੂਚੀ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ ਤੇ www.educationrecruitmentboard.com ਅਪਲੋਡ ਕਰ ਦਿੱਤਾ ਗਿਆ ਹੈ।

11/10/19

ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।